## ਸਕੂਲ ਹੈਲਥ ਪ੍ਰੋਗਰਾਮ ਅਧੀਨ ਜ਼ਿਲ੍ਹਾ ਸਕੂਲ ਮੇਡੀਕਲ ਅਫ਼ਸਰਾਂ ਦੀ ਪ੍ਰਮੁੱਖ ਸਕੱਤਰ,ਪੰਜਾਬ ਸਰਕਾਰ, ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਪੰਜਾਬ ਜੀ ਦੀ ਪ੍ਰਧਾਨਗੀ ਹੇਠ ਮਿਤੀ 11 ਮਈ, 2010 ਨੂੰ ਹੋਈ ਮੀਟਿੰਗ ਦੀ ਕਾਰਵਾਈ

<table>
<tr><th>ਲੜੀ ਨੰ:</th><th>ਵਿਸ਼ਾ</th><th>ਕੀਤੀ ਜਾਣ ਵਾਲੀ ਕਾਰਵਾਈ</th><th>ਕਾਰਵਾਈ ਕਰਨ ਵਾਲੇ ਅਫ਼ਸਰ ਦਾ ਨਾਂ</th></tr>
<tr><td>1 (a)</td><td>ਅਪ੍ਰੈਲ, 2010 ਵਿੱਚ ਬੱਚਿਆਂ ਦੇ ਮੈਡੀਕਲ ਚੈਕ-ਅੱਪ ਅਤੇ ਐਮ.ਓ/ਆਰ.ਐਮ.ਓ ਵੱਲੋ ਵਿਜਟ ਕੀਤੇ ਗਏ ਸਕੂਲਾਂ ਦੀਆਂ ਰਿਪੋਰਟਾਂ ਬਾਰੇ ।</td><td>ਪੰਜਾਬ ਰਾਜ ਦੇ ਸਾਰੇ ਸਰਕਾਰੀ ਅਤੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਦੀ ਬਲਾਕ-ਵਾਈਜ ਅਤੇ ਜਿਲਾ ਵਾਈਜ ਨਾਵਾਂ ਦੀ ਸੂਚਨਾ ਡਾਇਰੈਕਟਰ ਜਨਰਲ, ਸਰਵ ਸਿੱਖਿਆ ਅਭਿਆਨ, ਪੰਜਾਬ ਵੱਲੋ ਮੁਹੱਈਆ ਕਰਵਾਈ ਜਾਵੇਗੀ । ਡਾਇਰੈਕਟਰ, ਸਿਹਤ ਸੇਵਾਵਾਂ, ਪਰਿਵਾਰ ਭਲਾਈ ਜੀ ਦੀ ਸੁਪਰਵੀਜਨ ਹੇਠ ਸਕੂਲ ਹੈਲਥ ਚੈਕ-ਅੱਪ ਪ੍ਰੋਗਰਾਮ ਅਧੀਨ ਮੁਕੰਮਲ ਤੌਰ ਤੇ ਚੈਕ ਕੀਤੇ ਗਏ ਸਕੂਲ, ਸਬੰਧਤ ਸਕੂਲ ਦੇ ਮੁਖੀ ਦੁਆਰਾ ਜਾਰੀ ਕੀਤੇ ਗਏ ਸਰਟੀਫਿਕੇਟ ਦੇ ਅਧਾਰ ਤੇ ਕਰਾਸ-ਚੈਕ ਕਰਵਾਏ ਜਾਣਗੇ । ਪ੍ਰਾਇਮਰੀ ਸਕੂਲਾਂ ਦੀ ਪਹਿਲੀ ਅਤੇ ਦੂਜੀ ਵਿਜਟ ਬਾਰੇ ਸੂਚਨਾ ਜਿਲਾ ਪੱਧਰ ਤੋ ਸਟੇਟ ਹੈਡ-ਕੁਆਟਰ ਤੇ ਭੇਜੀ ਜਾਵੇਗੀ । ਇਹ ਸਾਰੀ ਸੂਚਨਾ ਪੰਜਾਬ ਇੰਜੀਨੀਅਰਰਿੰਗ ਕਾਲਜ, ਸੈਕਟਰ-12, ਚੰਡੀਗੜ ਦੀ ਸਹਾਇਤਾ ਨਾਲ ਵੈਬ-ਸਾਈਟ ਦੇ ਪਾਈ ਜਾਵੇਗੀ । ਮੁਕੰਮਲ ਤੌਰ ਤੇ ਚੈਕ ਕੀਤੇ ਗਏ ਸਕੂਲਾਂ ਸਬੰਧੀ ਸੂਚਨਾ ਸਬੰਧਤ ਸਕੂਲਾਂ ਦੇ ਮੁਖੀਆਂ ਵੱਲੋ ਪ੍ਰਾਪਤ ਹੋਏ ਸਰਟੀਫਿਕੇਟਾਂ ਦੇ ਅਧਾਰ ਤੇ ਜਿਲਾ ਪੱਧਰ ਤੇ ਵੈਬ-ਸਾਈਟ ਤੇ ਪਾਈ ਜਾਵੇਗੀ ਤਾਂ ਕਿ ਪਤਾ ਲੱਗ ਸਕੇ ਕਿ ਕਿੰਨੇ ਸਕੂਲ ਬਕਾਇਆ ਹਨ ਅਤੇ ਇਹ ਸੂਚਨਾ ਸਟੇਟ ਹੈਡ-ਕੁਆਟਰ ਤੇ ਵੀ ਭੇਜੀ ਜਾਵੇਗੀ । ਵਿਜਟ ਕੀਤੇ ਗਏ ਸਕੂਲਾਂ ਸਬਧੀ ਵਿਜਟਾਂ ਦੀ ਗਿਣਤੀ/ਸਰਟੀਫਿਕੇਟ, ਬਲਾਕ ਹੈਡ-ਕੁਆਟਰ/ਜਿਲਾ ਹੈਡ-ਕੁਆਟਰ ਤੇ ਹੀ ਇੰਨਸੈਨਟਿਵ ਦੇਣ ਦੇ ਮੰਤਵ ਲਈ ਰੱਖੇ ਜਾਣਗੇ ।</td><td>ਡਾਇਰੈਕਟਰ ਜਨਰਲ, ਸਿੱਖਿਆ ਵਿਭਾਗ,ਪੰਜਾਬ/ਡਾਇਰੈਕਟਰ, ਪਰਿਵਾਰ ਭਲਾਈ, ਪੰਜਾਬ/ਸਹਾਇਕ ਡਾਇਰੈਕਟਰ, ਸਿਹਤ ਸਿੱਖਿਆ ਅਤੇ ਜ਼ਿਲ੍ਹਾ ਸਕੂਲ ਮੈਡੀਕਲ ਅਫਸਰ</td></tr>
<tr><td>1 (b)</td><td>ਮੈਡੀਕਲ ਚੈਕ-ਅੱਪ ਅਤੇ ਰਿਪੋਰਟਾਂ ਬਾਰੇ</td><td>ਹਰ ਮਹੀਨੇ ਮੈਡੀਕਲ ਚੈਕ-ਅੱਪ ਦੀਆਂ ਰਿਪੋਰਟਾਂ ਪ੍ਰਾਪਤ ਕਰਕੇ ਆਪਣੇ ਜਿਲੇ ਦਾ ਬੈਕ-ਲਾਗ ਚੈਕ ਕੀਤਾ ਜਾਵੇ ਅਤੇ ਰਹਿੰਦਾ ਬੈਕ-ਲਾਗ ਅਗਲੇ ਮਹੀਨੇ ਪੂਰਾ ਕਰਨਾ ਯਕੀਨੀ ਬਣਾਇਆ ਜਾਵੇ । ਸਕੂਲ ਹੈਲਥ ਚੈਕ-ਅੱਪ ਦੀਆਂ ਮਹੀਨਾਵਾਰ ਰਿਪੋਰਟਾਂ ਹਰ ਮਹੀਨੇ ਦੀ 10 ਤਰੀਕ ਤੱਕ ਹਰ ਹਾਲਤ ਵਿੱਚ ਇਸ ਦਫਤਰ ਦੇ ਕਮਰਾ ਨੰ: 419 ਵਿਖੇ ਭੇਜਣੀ ਯਕੀਨੀ ਬਣਾਇਆ ਜਾਵੇ । ਮੁਕੰਮਲ ਤੌਰ ਤੇ ਚੈਕ ਕੀਤੇ ਗਏ ਸਕੂਲਾਂ ਦਾ ਵਿਸਥਾਰ-ਪੂਰਵਕ ਵੇਰਵਾ ਹਰ ਮਹੀਨੇ ਐਨ.ਆਰ.ਐਚ.ਐਮ. ਦੀ ਵੈਬ-ਸਾਈਟ ਤੇ ਅਪਡੇਟ ਕੀਤਾ ਜਾਵੇ ।</td><td>ਜ਼ਿਲ੍ਹਾ ਸਕੂਲ ਮੈਡੀਕਲ ਅਫਸਰ</td></tr>
<tr><td>2</td><td>ਬੱਚਿਆਂ ਨੂੰ ਆਇਰਨ ਫੋਲਿਕ ਐਸਿਡ, ਪੇਟ ਦੇ ਕੀੜੇ ਮਾਰਨ ਵਾਲੀਆਂ ਦਵਾਈਆਂ ਅਤੇ ਸਕੈਬਿਜ ਲੋਸ਼ਨ ਦੇਣ ਬਾਰੇ</td><td>ਡਾਇਰੈਕਟਰ, ਸਿਹਤ ਸੇਵਾਵਾਂ , ਪਰਿਵਾਰ ਭਲਾਈ, ਪੰਜਾਬ ਜੀ ਨੂੰ ਆਦੇਸ਼ ਦਿੱਤੇ ਗਏ ਕਿ ਸਹਾਇਕ ਡਾਇਰੈਕਟਰ, ਸਿਹਤ ਸਿੱਖਿਆ ਦੀ ਸਹਾਇਤਾ ਨਾਲ ਦਵਾਈਆਂ ਦੀ ਖਰੀਦ ਛੇ ਹਫਤਿਆਂ ਦੇ ਅੰਦਰ-ਅੰਦਰ ਸੀ.ਪੀ.ਐਸ.ਯੂਜ਼ ਤੋ ਕਰਵਾਈ ਜਾਵੇ ਅਤੇ 1 ਜੁਲਾਈ, 2010 ਤੋ ਪਹਿਲਾਂ ਪਹਿਲਾਂ ਇਹ ਦਵਾਈਆਂ ਹਰ ਹਾਲਤ ਵਿੱਚ ਸਕੂਲਾਂ ਵਿੱਚ ਪਹੁੰਚਾਉਣੀਆਂ ਯਕੀਨੀ ਬਣਾਇਆ ਜਾਵੇ ।</td><td>ਡਾਇਰੈਕਟਰ, ਪਰਿਵਾਰ ਭਲਾਈ, ਪੰਜਾਬ/ਸਹਾਇਕ ਡਾਇਰੈਕਟਰ, ਸਿਹਤ ਸਿੱਖਿਆ</td></tr>
<tr><td>3</td><td>ਘੱਟ ਨਜਰ ਵਾਲੇ ਸਕੂਲੀ ਬੱਚਿਆਂ ਨੂੰ ਐਨਕਾਂ ਦੇਣ ਬਾਰੇ</td><td>ਟਰੇਂਡ ਕੀਤੇ ਗਏ ਅਧਿਆਪਕ ਆਪਣੇ ਸਕੂਲਾਂ ਵਿੱਚ ਬੱਚਿਆਂ ਨੂੰ ਸਕਰੀਨ ਕਰਨਗੇ ਅਤੇ ਸੱਕੀ ਪਾਏ ਬੱਚਿਆਂ ਦੀ ਸੂਚਨਾਂ ਨਾਮ ਸਮੇਤ ਪੀ.ਐਚ.ਸੀ./ਸੀ.ਐਚ.ਸੀ./ਸਬ-ਡਵੀਜਨ ਅਤੇ ਜਿਲਾ ਪੱਧਰ ਦੇ ਹਸਪਤਾਲ ਤੇ ਦੇਣਗੇ । ਸੀ.ਐਚ.ਐਸ./ਪੀ.ਐਚ.ਸੀ. / ਸਬ-ਡਵੀਜਨ ਅਤੇ ਜਿਲਾ ਪੱਧਰ ਦੇ ਹਸਪਤਾਲ ਤੇ ਸੀਨੀਅਰ ਮੈਡੀਕਲ ਅਫ਼ਸਰ ਇੰ:: ਇਹਨਾ ਬੱਚਿਆਂ ਨੂੰ ਆਪਣੇ ਲੈਵਲ ਤੇ ਟਰਾਂਸਪੋਰਟ ਸੁਵਿਧਾ ਪ੍ਰਦਾਨ ਕਰਕੇ ਆਪਣੀ ਸੰਸਥਾ ਵਿਖੇ ਲਿਆ ਕੇ ਅਪਥਲਮਿਕ ਅਫ਼ਸਰ ਕੋਲ਼ ਐਨਕਾਂ ਦਾ ਨੰਬਰ ਦਿਵਾਉਣਗੇ ਅਤੇ ਸਕੁਲ ਹੈਲਥ ਤੋ ਦਿੱਤੇ ਗਏ ਫੰਡਜ ਵਿੱਚੋ ਇਹਨਾਂ ਬੱਚਿਆਂ ਨੂੰ ਐਨਕਾਂ ਬਣਵਾ ਕੇ ਦੇਣਗੇ ।ਜ਼ਿਲ੍ਹਾ ਸਕੂਲ ਮੈਡੀਕਲ ਅਫ਼ਸਰ ਇਸ ਪ੍ਰੋਗਰਾਮ ਦੀ ਸੁਪਰਵੀਜਨ ਕਰਨਗੇ ।ਇਸ ਪ੍ਰੋਗਰਾਮ ਨੂੰ ਅਤੀ ਜ਼ਰੂਰੀ ਸਮਝਦੇ ਹੋਏ ਪਹਿਲ ਦਿੱਤੀ ਜਾਵੇ । ਇਸ ਪ੍ਰੋਗਰਾਮ ਸਬੰਧੀ ਹੇਠ ਲਿਖੀ ਸੂਚਨਾ ਵੀ ਸਟੇਟ ਹੈਡੱਕੁਆਟਰ ਤੇ ਹਰ ਮਹੀਨੇ ਭੇਜੀ ਜਾਵੇ :-
<table>
<tr><td rowspan="2">ਜਿਲਾ</td><td rowspan="2">ਟਰੇਂਡ ਕੀਤੇ ਗਏ ਅਧਿਆਪਕਾਂ ਦੀ ਗਿਣਤੀ</td><td colspan="3">ਘੱਟ ਨਜਰ ਵਾਲੇ ਬੱਚਿਆਂ ਸਬੰਧੀ ਰਿਪੋਰਟ</td><td>ਜਿੰਨੇ ਬੱਚਿਆਂ ਨੂੰ ਐਨਕਾਂ ਦਿੱਤੀਆਂ ਗਈਆਂ</td><td>ਬਕਾਇਆ ਬੱਚੇ</td></tr>
<tr><td>ਸਕੂਲ ਵਿੱਚ ਬੱਚਿਆਂ ਦੀ ਕੁੱਲ ਗਿਣਤੀ</td><td>ਘੱਟ ਨਜਰ ਵਾਲੇ ਬੱਚਿਆਂ ਦੀ ਗਿਣਤੀ</td><td>ਪ੍ਰਤੀਸਤ ਗਿਣਤੀ</td><td></td><td></td></tr>
</table>
</td><td>ਸੀਨੀਅਰ ਮੈਡੀਕਲ ਅਫ਼ਸਰ, ਇੰ: ਪੀ.ਐਚ.ਸੀ./ਸੀ.ਐਚ.ਸੀ./ਸਬ-ਡਵੀਜਨ ਅਤੇ ਜਿਲਾ ਪੱਧਰ ਦੇ ਹਸਪਤਾਲ ਅਤੇ ਜ਼ਿਲ੍ਹਾ ਸਕੂਲ ਮੈਡੀਕਲ ਅਫਸਰ</td></tr>
</table>

## ਸਕੂਲ ਹੈਲਥ ਪ੍ਰੋਗਰਾਮ ਅਧੀਨ ਜ਼ਿਲ੍ਹਾ ਸਕੂਲ ਮੈਡੀਕਲ ਅਫ਼ਸਰਾਂ ਦੀ ਪ੍ਰਮੁੱਖ ਸਕੱਤਰ,ਪੰਜਾਬ ਸਰਕਾਰ, ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਪੰਜਾਬ ਜੀ ਦੀ ਪ੍ਰਧਾਨਗੀ ਹੇਠ ਮਿਤੀ 11 ਮਈ, 2010 ਨੂੰ ਹੋਈ ਮੀਟਿੰਗ ਦੀ ਕਾਰਵਾਈ

| ਲੜੀ ਨੰ: | ਵਿਸ਼ਾ | ਕੀਤੀ ਜਾਣ ਵਾਲੀ ਕਾਰਵਾਈ | ਕਾਰਵਾਈ ਕਰਨ ਵਾਲੇ ਅਫ਼ਸਰ ਦਾ ਨਾਂ |
|---|---|---|---|
| 4 | ਪੀਣ ਵਾਲੇ ਪਾਣੀ ਦੀ ਸੈਂਪਲਿੰਗ ਅਤੇ ਅਤੇ ਮਿਡ ਡੇ ਮੀਲ ਪ੍ਰੋਗਰਾਮ ਅਧੀਨ ਦਿੱਤੇ ਜਾਣ ਵਾਲੇ ਕੱਚੇ ਅਤੇ ਪੱਕੇ ਭੋਜਨ ਦੀ ਕੁਆਲਿਟੀਬਾਰੇ | ਸਕੂਲਾਂ ਵਿੱਚ ਪੀਣ ਵਾਲੇ ਪਾਣੀ ਦੇ ਫੇਲ੍ਹ ਹੋਏ ਸੈਂਪਲਾਂ ਦੀ ਸੂਚਨਾ ਸਕੂਲ-ਵਾਈਜ ਜਿਲਾ ਹੈਡ-ਕੁਆਟਰ ਤੋ ਸਟੇਟ ਹੈਡ-ਕੁਆਟਰ ਤੇ ਭੇਜੀ ਜਾਵੇਗੀ ਅਤੇ ਸਟੇਟ ਹੈਡ-ਕੁਆਟਰ ਵੱਲੋ ਇਹ ਸੂਚਨਾ ਡਾਇਰੈਕਟਰ ਜਨਰਲ, ਸਿਖਿਆ ਵਿਭਾਗ ਨੂੰ ਮੁੱਹਈਆ ਕਰਵਾਈ ਜਾਵੇਗੀ । | ਸਹਾਇਕ ਡਾਇਰੈਕਟਰ, ਸਿ਼ਹਤ ਸਿੱਖਿਆ,ਪੰਜਾਬ ਅਤੇ ਜ਼ਿਲ੍ਹਾ ਸਕੂਲ ਮੈਡੀਕਲ ਅਫਸਰ |
| 5 | ਬੱਚਿਆਂ ਦੇ ਦੰਦਾਂ ਦੇ ਚੈਕ-ਅਪ ਲਈ ਉਪਰਾਲੇ ਕਰਨ ਬਾਰੇ । | ਸਕੂਲ ਅਧਿਆਪਕ ਦੰਦਾਂ ਦੀਆਂ ਬਿਮਾਰੀਆਂ ਨਾਲ ਪੀੜ੍ਹਤ ਬੱਚਿਆਂ ਦੀ ਸੂਚਨਾਂ ਨਾਮ ਸਮੇਤ ਪੀ.ਐਚ.ਸੀ./ਸੀ.ਐਚ.ਸੀ/ਸਬ-ਡਵੀਜਨ ਅਤੇ ਜਿਲਾ ਪੱਧਰ ਦੇ ਹਸਪਤਾਲ ਤੇ ਦੇਣਗੇ। ਸੀ.ਐਚ.ਐਸ./ਪੀ.ਐਚ.ਸੀ. /ਸਬ-ਡਵੀਜਨ ਅਤੇ ਜਿਲਾ ਪੱਧਰ ਦੇ ਹਸਪਤਾਲ ਤੇ ਸੀਨੀਅਰ ਮੈਡੀਕਲ ਅਫ਼ਸਰ ਇੰ:: ਇਹਨਾ ਬੱਚਿਆਂ ਨੂੰ ਆਪਣੇ ਲੈਵਲ ਤੇ ਟਰਾਂਸਪੋਰਟ ਸੁਵਿਧਾ ਪ੍ਰਦਾਨ ਕਰਕੇ ਆਪਣੀ ਸੰਸਥਾ ਵਿਖੇ ਲਿਆਂ ਕੇ ਉਥੇ ਕੰਮ ਕਰ ਰਹੇ ਡੈਂਟਲ ਅਫਸਰ ਤੋ ਇਹਨਾਂ ਬੱਚਿਆਂ ਦੇ ਦੰਦਾਂ ਦਾ ਇਲਾਜ ਕਰਵਾਉਣਗੇ ।ਡਿਪਟੀ ਡਾਇਰੈਕਟਰ, ਡੈਂਟਲ, ਦਫਤਰ ਡੀ.ਐਚ.ਐਸ. ਨੂੰ ਹਦਾਇਤ ਕੀਤੀ ਗਈ ਕਿ ਸਹਾਇਕ ਡਾਇਰੈਕਟਰ, ਸਿਹਤ ਸਿੱਖਿਆ ਨਾਲ ਤਾਲਮੇਲ ਕਰਕੇ ਦੰਦਾਂ ਦੀਆਂ ਬਿਮਾਰੀਆਂ ਨਾਲ ਪੀੜ੍ਹਤ ਬੱਚਿਆਂ ਦੇ ਇਲਾਜ ਦਾ ਉਪਰਾਲਾ ਕੀਤਾ ਜਾਵੇ । ਜਿਲਾ ਡੈਂਟਲ ਅਫ਼ਸਰ ਅਤੇ ਜਿਲਾ ਸਕੂਲ ਮੈਡੀਕਲ ਅਫਸਰ ਇਸ ਪ੍ਰੋਗਰਾਮ ਦੀ ਸੁਪਰਵੀਜਨ ਕਰਨਗੇ ।ਇਸ ਪ੍ਰੋਗਰਾਮ ਨੂੰ ਅਤੀ ਜ਼ਰੂਰੀ ਸਮਝਦੇ ਹੋਏ ਪਹਿਲ ਦਿੱਤੀ ਜਾਵੇ । | ਸਹਾਇਕ ਡਾਇਰੈਕਟਰ, ਸਿ਼ਹਤ ਸਿੱਖਿਆ,ਪੰਜਾਬ, ਡਿਪਟੀ ਡਾਇਰੈਕਟਰ, ਡੈਂਟਲ, ਜਿਲਾ ਡੈਂਟਲ ਅਫ਼ਸਰ ਅਤੇ ਜਿਲਾ ਸਕੂਲ ਮੈਡੀਕਲ ਅਫਸਰ |
| 6 | ਐਡਵਾਂਸ ਟੂਰ ਪ੍ਰੋਗਰਾਮ | ਸਕੂਲ ਹੈਲਥ ਟੂਰ ਪ੍ਰੋਗਰਾਮ ਦੇ ਅਨੁਸਾਰ ਹੀ ਟੂਰ ਕਰਨ ਨੂੰ ਯਕੀਨੀ ਬਣਾਉਣ ਦੀ ਕੋਸ਼ਿਸ ਕੀਤੀ ਜਾਵੇ ਅਤੇ ਮਿੱਥੇ ਹੋਏ ਟੀਚੇ ਵੀ ਨਿਸ਼ਚਿਤ ਸਮੇ ਤੇ ਹੀ ਪੂਰੇ ਕੀਤੇ ਜਾਣ । ਜਿਹੜਾ ਟੂਰ ਪੈਡਿੰਗ ਰਹਿ ਜਾਂਦਾ ਹੈ ਉਹ ਪਹਿਲਾਂ ਕੀਤਾ ਜਾਵੇ ਉਸ ਤੋ ਬਾਅਦ ਹੀ ਰਹਿੰਦੇ ਟੂਰ ਕੀਤੇ ਜਾਣ । ਜਿਨ੍ਹਾਂ ਜਿਲ੍ਹਿਆਂ ਦੇ ਐਡਵਾਂਸ ਟੂਰ ਪ੍ਰੋਗਰਾਮ ਦੀ ਹਾਰਡ ਅਤੇ ਸਾਫਟ ਕਾਪੀ ਅਜੇ ਤੱਕ ਸਟੇਟ ਹੈਡ-ਕੁਆਟਰ ਤੇ ਪ੍ਰਾਪਤ ਨਹੀ ਹੋਈ, ਉਹ ਜਲਦ ਤੋ ਜਲਦ ਇਸ ਦਫਤਰ ਦੇ ਕਮਰਾ ਨੰ: 419 ਵਿੱਚ ਹੱਥ-ਦਸਤੀ ਭੇਜ ਕੇ ਰਸੀਦ ਪ੍ਰਾਪਤ ਕਰਨਾ ਯਕੀਨੀ ਬਣਾਇਆ ਜਾਵੇ ।ਪ੍ਰਾਪਤ ਹੋਏ ਟੂਰ ਪ੍ਰੋਗਰਾਮ ਵੈਬ-ਸਾਈਟ ਤੇ ਪਾਏ ਜਾਣਗੇ ਤਾਂ ਜੋ ਇਹਨਾਂ ਨੂੰ ਕਿਸੇ ਵੀ ਸਮੇ ਚੈਕ ਕੀਤਾ ਜਾ ਸਕੇ । | ਜ਼ਿਲ੍ਹਾ ਸਕੂਲ ਮੈਡੀਕਲ ਅਫਸਰ |
| 7 | ਜਿਲਿਆਂ ਦੇ ਸੁਪਰਵਾਈਜਰੀ ਟੂਰਾਂ ਬਾਬਤ ਟੂਰ ਨੋਟ | ਇਹ ਵੇਖਣ ਵਿੱਚ ਆਇਆ ਹੈ ਕਿ ਕਈ ਜਿਲ੍ਹਿਆਂ ਦੇ ਟੂਰ ਨੋਟ ਬਿਲਕੁਲ ਵੀ ਪ੍ਰਾਪਤ ਨਹੀ ਹੋ ਰਹੇ । ਜਿਲਾ ਸਕੂਲ ਮੈਡੀਕਲ ਅਫਸਰ ਹਰ ਮਹੀਨੇ ਘੱਟੋ - ਘੱਟ ਪੰਜ ਸੁਪਰਵਾਈਜਰੀ ਟੂਰ ਕਰਨਾ ਯਕੀਨੀ ਬਣਾਉਣਗੇ। ਇਹ ਟੂਰ ਨੋਟ ਜਿਲ੍ਹਾ ਸਕੂਲ ਮੈਡੀਕਲ ਅਫ਼ਸਰ ਸਿਵਲ ਸਰਜਨ ਰਾਂਹੀ ਸਟੇਟ ਹੈਡ-ਕੁਆਟਰ ਤੇ ਭੇਜਿਆ ਕਰਨਗੇ । ਟੂਰ ਭੇਜੀਆਂ ਗਈਆਂ ਹਦਾਇਤਾਂ ਅਨੁਸਾਰ ਹੀ ਕੀਤੇ ਜਾਣ । ਇਸ ਦਫਤਰ ਵੱਲੋ ਜਿਲਿਆਂ ਦੇ ਸੁਪਰਵਾਈਜਰੀ ਟੂਰਾਂ ਬਾਬਤ ਦਿੱਤੇ ਗਏ ਮਹੀਨਾਵਾਰ ਪ੍ਰਫਾਰਮੇ ਹਰ ਸਮੇ ਭਰ ਕੇ ਤਿਆਰ ਰਹਿਣੇ ਚਾਹੀਦੇ ਹਨ। ਜਿਨ੍ਹਾਂ ਅਧਿਕਾਰੀਆਂ ਨੇ ਨਿਰਧਾਰਿਤ ਟੂਰ ਅਜੇ ਤੱਕ ਨਹੀ ਕੀਤੇ ਇਹ ਮੁਕੰਮਲ ਕੀਤੇ ਜਾਣ ਅਤੇ ਹਰ ਮਹੀਨੇ ਟੂਰ ਨੋਟ ਭੇਜਣਾ ਯਕੀਨੀ ਬਣਾਇਆ ਜਾਵੇ । | ਜ਼ਿਲ੍ਹਾ ਸਕੂਲ ਮੈਡੀਕਲ ਅਫਸਰ |
| 8 | ਸਕੂਲਾਂ ਵਿੱਚ ਮੈਡੀਕਲ ਅਫਸਰਾਂ ਦੀਆਂ ਖਾਲੀ ਅਸਾਮੀਆਂ ਬਾਰੇ । | ਸਕੂਲਾਂ ਵਿੱਚ ਮੈਡੀਕਲ ਅਫਸਰਾਂ ਦੀਆਂ ਖਾਲੀ ਅਸਾਮੀਆਂ ਬਾਰੇ ਰੈਸ਼ਨੇਲਾਈਜੇਸ਼ਨ ਸਬੰਧੀ ਫਾਈਲ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ ਜੀ ਦੇ ਦਫਤਰ ਭੇਜੀ ਗਈ ਹੈ ਅਤੇ ਇਹ ਅਸਾਮੀਆਂ ਜਲਦੀ ਤੋ ਜਲਦੀ ਭਰਨ ਦਾ ਉਪਰਾਲਾ ਕੀਤਾ ਜਾਵੇਗਾ । | ਦਫਤਰ ਪ੍ਰਮੁੱਖ ਸਕੱਤਰ , ਪੰਜਾਬ ਸਰਕਾਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ |
| 9 | ਸਕੂਲ ਹੈਲਥ ਕਾਰਡ | ਸਾਲ 2010-11 ਵਿੱਚ ਹੋਰ ਹੈਲਥ ਕਾਰਡ ਪ੍ਰਿੰਟ ਹੋ ਗਏ ਹਨ ਅਤੇ ਛੇਤੀ ਹੀ ਜਿਲ੍ਹਿਆਂ ਨੂੰ ਭੇਜੇ ਜਾ ਰਹੇ ਹਨ । | ਪ੍ਰੋਗਰਾਮ ਅਫਸਰ, ਸਕੂਲ ਹੈਲਥ |
| 10 | ਰੈਫਰਲ ਕਾਰਡ/ਰੈਫਰਡ ਬੱਚੇ | ਮੈਡੀਕਲ ਅਫਸਰ ਸਕੂਲ ਹੈਲਥ ਚੈਕ-ਅੱਪ ਤੇ ਜਾਣ ਸਮੇ ਰੈਫਰਲ ਕਾਰਡ ਨਾਲ ਲੈ ਕੇ ਜਾਣਗੇ । ਇਹ ਕਾਰਡ ਮੈਡੀਕਲ ਅਫਸਰ ਸਕੂਲ ਦੇ ਮੁਖੀ ਕੋਲ ਵੀ ਛੱਡ ਕੇ ਆਵੇਗਾ । ਲੋੜ ਪੈਣ ਤੇ ਇਹ ਕਾਰਡ ਸਕੂਲ ਦਾ ਮੁਖੀ ਵੀ ਭਰ ਕੇ ਬੱਚੇ ਨੂੰ ਉਚੇਰੇ ਹਸਪਤਾਲ ਵਿਖੇ ਭੇਜ ਸਕਦਾ ਹੈ ।ਇਹਨਾਂ ਬੱਚਿਆਂ ਦੇ ਰਿਕਾਰਡ ਲਈ ਪੀ.ਐਚ.ਸੀ./ਸੀ.ਐਚ.ਸੀ./ਸਬ-ਡਵੀਜਨ ਅਤੇ ਜਿਲਾ ਪੱਧਰ ਦੇ ਹਸਪਤਾਲ ਤੇ ਵੱਖਰੇ ਤੌਰ ਤੇ ਰਜਿਸਟਰ ਲਗਾਏ ਜਾਣ ਜੋ ਕਿ ਕਿਸੇ ਵੀ ਸਮੇ ਉਚ ਅਧਿਕਾਰੀਆਂ ਵੱਲੋ ਚੈਕ ਕੀਤੇ ਜਾਣਗੇ । ਰੈਫਰ ਕੀਤੇ ਬੱਚਿਆਂ ਦੀ ਬਲਾਕ-ਵਾਈਜ਼ ਗਿਣਤੀ ਸੰਕਲਿਤ ਕਰਕੇ ਸਟੇਟ ਹੈਡੱਕੁਆਟਰ ਤੇ ਭੇਜੀ ਜਾਵੇ।ਰੈਫਰਲ ਕਾਰਡ ਸਾਲ 2010-11 ਲਈ ਛਪਵਾ ਲਏ ਗਏ ਹਨ। ਇਹ ਵੀ ਛੇਤੀ ਹੀ ਜ਼ਿਲ੍ਹਿਆਂ ਨੂੰ ਭੇਜੇ ਜਾ ਰਹੇ ਹਨ । | ਜ਼ਿਲ੍ਹਾ ਸਕੂਲ ਮੈਡੀਕਲ ਅਫਸਰ |

## ਸਕੂਲ ਹੈਲਥ ਪ੍ਰੋਗਰਾਮ ਅਧੀਨ ਜ਼ਿਲ੍ਹਾ ਸਕੂਲ ਮੈਡੀਕਲ ਅਫ਼ਸਰਾਂ ਦੀ ਪ੍ਰਮੁੱਖ ਸਕੱਤਰ,ਪੰਜਾਬ ਸਰਕਾਰ, ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਪੰਜਾਬ ਜੀ ਦੀ ਪ੍ਰਧਾਨਗੀ ਹੇਠ ਮਿਤੀ 11 ਮਈ, 2010 ਨੂੰ ਹੋਈ ਮੀਟਿੰਗ ਦੀ ਕਾਰਵਾਈ

| ਲੜੀ ਨੰ: | ਵਿਸ਼ਾ | ਕੀਤੀ ਜਾਣ ਵਾਲੀ ਕਾਰਵਾਈ | ਕਾਰਵਾਈ ਕਰਨ ਵਾਲੇ ਅਫ਼ਸਰ ਦਾ ਨਾਂ |
|---|---|---|---|
| 11 | ਸਕੂਲੀ ਬੱਚਿਆ ਦੇ ਮੈਡੀਕਲ ਚੈਕ-ਅੱਪ ਦੀਆਂ ਰਿਪੋਰਟਾਂ ਨੂੰ ਜਿਲਾ ਸਿੱਖਿਆ ਅਫਸਰਾਂ ਦੀਆਂ ਰਿਪੋਰਟਾਂ ਨਾਲ ਕਰਾਸ-ਚੈਕ ਕਰਨ ਬਾਰੇ | ਸਿਵਲ ਸਰਜਨਾਂ ਵੱਲੋ ਸਕੂਲੀ ਬੱਚਿਆਂ ਦੇ ਮੈਡੀਕਲ ਚੈਕ-ਅੱਪ ਸਬੰਧੀ ਆਈਆਂ ਰਿਪੋਰਟਾਂ ਅਤੇ ਸਰਵ ਸਿਖਿਆ ਅਭਿਆਨ ਪੰਜਾਬ ਵੱਲੋ ਪ੍ਰਾਪਤ ਹੋਈਆਂ ਰਿਪੋਰਟਾਂ ਨੂੰ ਹਰ ਮਹੀਨੇ ਜਿਲਾ ਪੱਧਰ ਤੇ ਕਰਾਸ ਚੈਕ ਕਰਨਾ ਯਕੀਨੀ ਬਣਾਇਆ ਜਾਵੇ, ਇਸ ਸਬੰਧ ਵਿੱਚ ਹਰ ਮਹੀਨੇ ਡੀ.ਓ. ਪ੍ਰਾਇਮਰੀ ਅਤੇ ਡੀ.ਓ. ਸੈਕੰਡਰੀ ਨਾਲ ਮੀਟਿੰਗ ਕੀਤੀ ਜਾਵੇ । ਜਿਲਾ ਸਿੱਖਿਆ ਅਫਸਰ ਹਰ ਮਹੀਨੇ ਚੈਕ ਕੀਤੇ ਗਏ ਸਕੂਲਾਂ ਦੀ ਰਿਪੋਰਟ ਹੇਠਲੇ ਪੱਧਰ ਤੋ ਮੰਗਵਾਇਆ ਕਰਨ । ਡਾਇਰੈਕਟਰ ਜਨਰਲ ਸਕੂਲ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਹ ਉਪਰਾਲਾ ਯਕੀਨੀ ਬਣਾਇਆ ਜਾਵੇ । | ਡਾਇਰੈਕਟਰ ਜਨਰਲ, ਸਿੱਖਿਆ ਵਿਭਾਗ,ਪੰਜਾਬ ਅਤੇ ਸਿਵਲ ਸਰਜਨ |
| 12 | ਆਰ.ਐਚ.ਡੀ./ਸੀ.ਐਚ.ਡੀ.ਕੇਸਾਂ ਬਾਰੇ । | ਆਰ.ਐਚ.ਡੀ./ਸੀ.ਐਚ.ਡੀ. ਦੇ ਇਲਾਜ ਸਬੰਧੀ ਸੂਚਨਾ ਜਿਲਾ ਪੱਧਰ ਤੇ ਰੱਖੀ ਜਾਵੇ ਅਤੇ ਰੈਫਰ ਕੀਤੇ ਗਏ ਬੱਚਿਆ ਦਾ ਫਾਲੋ-ਅੱਪ ਕੀਤਾ ਜਾਵੇ । ਜਿਨਾਂ ਬੱਚਿਆਂ ਤੁਰੰਤ ਇਲਾਜ ਦੀ ਲੋੜ ਹੈ, ਉਹਨਾਂ ਨੂੰ ਪਹਿਲ ਦੇ ਅਧਾਰ ਤੇ ਸਟੇਟ ਹੈਡ-ਕੁਆਟਰ ਤੇ ਰੈਫਰ ਕੀਤਾ ਜਾਵੇ । | ਸਿਵਲ ਸਰਜਨ,<br>ਜਿਲਾ ਸਕੂਲ ਮੈਡੀਕਲ ਅਫਸਰ |
| 13 | ਕੈਂਸਰ ਪੀੜਤ ਬੱਚਿਆਂ ਬਾਰੇ । | ਕੈਂਸਰ ਦੇ ਇਲਾਜ ਸਬੰਧੀ ਸੂਚਨਾ ਵੀ ਜਿਲਾ ਪੱਧਰ ਤੇ ਰੱਖੀ ਜਾਵੇ ਅਤੇ ਰੈਫਰ ਕੀਤੇ ਗਏ ਬੱਚਿਆ ਦਾ ਫਾਲੋ-ਅੱਪ ਕੀਤਾ ਜਾਵੇ । ਜਿਨਾਂ ਬੱਚਿਆਂ ਤੁਰੰਤ ਇਲਾਜ ਦੀ ਲੋੜ ਹੈ, ਉਹਨਾਂ ਨੂੰ ਪਹਿਲ ਦੇ ਅਧਾਰ ਤੇ ਸਟੇਟ ਹੈਡ-ਕੁਆਟਰ ਤੇ ਰੈਫਰ ਕੀਤਾ ਜਾਵੇ । | ਸਿਵਲ ਸਰਜਨ,<br>ਜਿਲਾ ਸਕੂਲ ਮੈਡੀਕਲ ਅਫਸਰ |
| 14 | ਜਿਲਾ ਸਕੂਲ ਹੈਲਥ ਕਲੀਨਿਕ ਦੇ ਬਾਬਤ | ਸਕੂਲ ਹੈਲਥ ਪ੍ਰੋਗਰਾਮ ਅਧੀਨ ਜਿਲ੍ਹਾ ਸਕੂਲ ਹੈਲਥ ਕਲੀਨਿਕ ਵਿੱਚ ਖਾਲੀ ਅਸਾਮੀਆਂ ਤੇ ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ, ਪੰਜਾਬ ਜੀ ਨਾਲ ਤਾਲਮੇਲ ਕਰਕੇ ਫਾਰਮਾਸਿਸਟ ਲਗਾਏ ਜਾਣਗੇ । | ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ, ਪੰਜਾਬ ਅਤੇ ਸਹਾਇਕ ਡਾਇਰੈਕਟਰ, ਸਿਹਤ ਸਿੱਖਿਆ |
| 15 | ਜਿਲਾ ਸਕੂਲ ਹੈਲਥ ਮੈਡੀਕਲ ਅਫਸਰਾਂ ਦੀਆਂ ਜਿਲਾ ਪੱਧਰ ਤੇ ਆਉਦੀਆਂ ਮੁਸ਼ਕਿਲਾਂ ਅਤੇ ਜਰੂਰਤਾਂ ਬਾਰੇ । | ਸਕੂਲ ਹੈਲਥ ਕੋ-ਆਰਡੀਨੇਟਰ ਸਟੇਟ ਅਤੇ ਜਿਲ੍ਹਾ ਪੱਧਰ ਦੀ ਭਰਤੀ ਇੱਕ ਹਫਤੇ ਦੇ ਅੰਦਰ-ਅੰਦਰ ਕਰਨ ਦੇ ਆਦੇਸ਼ ਦਿੱਤੇ ਗਏ ਹਨ ਅਤੇ ਕੰਪਿਊਟਰਾਂ ਦੀ ਖਰੀਦ ਸਬੰਧੀ ਕੇਸ ਪਹਿਲਾਂ ਹੀ ਐਮ.ਡੀ., ਐਨ.ਆਰ.ਐਚ.ਐਮ. ਜੀ ਨੂੰ ਭੇਜਿਆ ਜਾ ਚੁਕਾ ਹੈ । | ਐਮ.ਡੀ., ਐਨ.ਆਰ.ਐਚ.ਐਮ., ਡਾਇਰੈਕਟਰ, ਸਿਹਤ ਸੇਵਾਵਾਂ, ਪਰਿਵਾਰ ਭਲਾਈ ਵਿਭਾਗ, ਸਹਾਇਕ ਡਾਇਰੈਕਟਰ, ਸਿਹਤ ਸਿੱਖਿਆ |
| 16 | ਥੈਲੇਸੀਮੀਆਂ ਨਾਲ ਪੀੜਤ ਵਿਦਿਆਰਥੀਆਂ ਦਾ ਪੀ.ਜੀ.ਆਈ.ਚੰਡੀਗੜ੍ਹ ਤੋ ਮੁਫਤ ਇਲਾਜ ਕਰਵਾਉਣ ਬਾਰੇ | ਇਹ ਪ੍ਰੋਗਰਾਮ ਸਰਕਾਰ ਦੇ ਵਿਚਾਰ ਅਧੀਨ ਹੈ । | ਸਹਾਇਕ ਡਾਇਰੈਕਟਰ, ਸਿਹਤ ਸਿੱਖਿਆ, ਪੰਜਾਬ |
| 17 | ਫੁਟਕਲ | ਸਕੂਲ ਹੈਲਥ ਅਧੀਨ ਚੰਗਾ ਕੰਮ ਕਰਨ ਵਾਲੇ ਅਧਿਕਾਰੀਆਂ ਨੂੰ ਪ੍ਰਸ਼ੰਸ਼ਾ ਪੱਤਰ ਜਾਰੀ ਕੀਤੇ ਜਾਣਗੇ ਅਤੇ ਅਗਲੇ ਸਾਲ ਵਿੱਚ ਕੰਮ ਸੁਚਾਰੂ ਢੰਗ ਨਾਲ ਚਲਾਉਣ ਲਈ ਜਿਲਾ ਸਕੂਲ ਮੈਡੀਕਲ ਅਫਸਰਾਂ ਨੂੰ ਹਦਾਇਤ ਕੀਤੀ ਗਈ ਹੈ ,। | ਸਹਾਇਕ ਡਾਇਰੈਕਟਰ, ਸਿਹਤ ਸਿੱਖਿਆ, ਜਿਲਾ ਸਕੂਲ ਮੈਡੀਕਲ ਅਫਸਰ । |